# ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਵਿਸਾਖ ਵਿੱਚ ਕਿਉਂ ਮਨਾਉਣਾ ਚਾਹੀਦਾ?

## ਕੁੱਝ ਇਤਿਹਾਸਕ ਤੱਥ

# Why should we celebrate The Birthday of Guru Nanak in Vaisakh?

# ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ

# ਵਿਸਾਖ ਵਿੱਚ ਕਿਉਂ ਮਨਾਉਣਾ ਚਾਹੀਦਾ?

## ਕੁੱਝ ਇਤਿਹਾਸਕ ਤੱਥ

**ਡਾ. ਓਅੰਕਾਰ ਸਿੰਘ**

**ਪੀ.ਐਚ.ਡੀ.**

ਦਰ ਅਸਲ ਸਿੱਖੀ ਦਾ ਇਹ ਬੂਟਾ ਜਦੋਂ ਮੌਲਣ ਲੱਗਾ ਤਾਂ ਇਸ ਦੇ ਦੋਖੀਆਂ ਨੇ ਮੁੱਢ ਤੋਂ ਹੀ ਬਹੁਤ ਸਾਰੇ ਭਰਮ ਭੁਲੇਖੇ ਖੜ੍ਹੇ ਕਰਕੇ ਇਸ ਨੂੰ ਮਸਲ ਦੇਣ ਦੀਆਂ ਕੋਸ਼ਿਸ਼ਾਂ ਆਰੰਭ ਦਿੱਤੀਆਂ ਸਨ। ਨਿਰੰਕਾਰ ਰੂਪ ਗੁਰੂ ਨਾਨਕ ਵੱਲੋਂ ਪ੍ਰਗਟਾਏ ਸੱਚ ਨੂੰ ਕੂੜ ਦੇ ਹਨ੍ਹੇਰੇ ਨਾਲ ਮਿਟਾਉਣ ਦੇ ਯਤਨ ਨਾਲੋਂ ਨਾਲ ਹੀ ਆਰੰਭ ਹੋ ਗਏ ਸਨ। ਕੂੜਿਆਰਾਂ ਵੱਲੋਂ ਕੀਤੇ ਬੱਜਰ ਕਰਮਾਂ ਵਿੱਚੋਂ ਇੱਕ ਦਾ ਆਰੰਭ ਗੁਰੂ ਘਰ ਦੇ ਮਸੰਦ ਬਾਬਾ ਹੰਦਾਲ ਦੀ ਸੰਤਾਨ ਅਤੇ ਉਸ ਦੇ ਪੈਰੋਕਾਰ ਨਿਰੰਜਨੀਆਂ ਵੱਲੋਂ, ਭਾਈ ਬਾਲੇ ਦਾ ਫਰਜ਼ੀ ਪਾਤਰ ਘੜ੍ਹ ਕੇ ਇੱਕ ਜਨਮ-ਸਾਖ਼ੀ ਲਿਖੀ ਗਈ, ਜਿਸ ਨੂੰ ਬਾਲੇ ਵਾਲੀ

ਜਨਮ ਸਾਖ਼ੀ ਵੀ ਕਿਹਾ ਜਾਂਦਾ ਹੈ। ਨਿਰੰਕਾਰੀ ਜੋਤ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਅਤੇ ਵਿਚਾਰਧਾਰਾ ਨੂੰ ਧੁੰਧਲਾਉਣ ਲਈ, ਇੱਕ ਮਾਫ਼ੀਆ ਸਿਰਜ ਕੇ ਪੂਰੀ ਵਿਉਂਤਬੰਦੀ ਨਾਲ ਇਸ ਨੂੰ ਸਿੱਖ ਜਗਤ ਅੰਦਰ ਗਹਿਰਾ ਧੱਸ ਦਿੱਤਾ ਗਿਆ। ਸਤਿਗੁਰੂ ਨਾਨਕ ਸਾਹਿਬ ਜੀਓ ਦੇ ਜੀਵਨ ਤੇ ਬਹੁਤ ਕੋਝੀਆਂ ਊਜਾਂ ਲਗਾਈਆਂ ਗਈਆਂ। ਉਨ੍ਹਾਂ ਨੂੰ ਇੱਕ ਜਾਦੂਗਰ ਵਾਂਗ ਦਰਸਉਣ ਦਾ ਮੰਦ-ਯਤਨ ਕੀਤਾ ਗਿਆ। ਇਨ੍ਹਾਂ ਯਤਨਾਂ ਦੇ ਐਸੇ ਵਿਸ਼ੈਲੇ ਨਤੀਜੇ ਨਿਕਲੇ, ਜਿਨ੍ਹਾਂ ਦੀ ਭਰਪਾਈ ਸਿੱਖ ਜਗਤ ਸਦੀਆਂ ਤੱਕ ਨਹੀਂ ਕਰ ਸਕਿਆ। ਇਹ ਇੱਕ ਬਹੁਤ ਗਹਿਰ ਗੰਭੀਰ ਅਤੇ ਵਿਸਥਾਰ ਵਾਲਾ ਵਿਸ਼ਾ ਹੈ ਇਸ ਤੇ ਕਦੀ ਫਿਰ ਚਰਚਾ ਕਰਾਂਗੇ। ਇਹ ਹਥਲਾ ਸੰਖੇਪ ਉਪਰਾਲਾ ਸਿਰਫ਼ ਸੱਚੇ ਪਾਤਸ਼ਾਹ ਜੀ ਦੇ ਪ੍ਰਕਾਸ਼ ਸੰਬੰਧੀ ਸੱਚ ਨੂੰ ਉਜਾਗਰ ਕਰਨਾ ਹੈ।

ਸਾਹਿਬ ਜੀ ਦੇ ਜਨਮ-ਦਿਹਾੜੇ ਸੰਬੰਧੀ ਦੋਖੀਆਂ ਵੱਲੋਂ ਉਸ ਸਮੇਂ ਖੜ੍ਹੇ ਕੀਤੇ ਗਏ ਬਹੁਤ ਸਾਰੇ ਵਹਿਮਾਂ-ਭਰਮਾਂ ਵਿੱਚੋਂ ਇੱਕ ਦਾ ਜ਼ਿਕਰ ਪ੍ਰਸਿੱਧ ਇਤਿਹਾਸਕਾਰ ਸ. ਕਰਮ ਸਿੰਘ ਜੀ

ਹਿਸਟੋਰੀਅਨ ਨੇ ਆਪਣੀ ਪੁਸਤਕ 'ਕੱਤਕ ਕਿ ਵਿਸਾਖ?' ਵਿੱਚ ਕੀਤਾ ਹੈ। ਬ੍ਰਾਹਮਣਾਂ ਵੱਲੋਂ ਇਹ ਕਿਹਾ ਜਾਂਦਾ ਸੀ ਕਿ ਭਾਦਰੋਂ ਜਾਂ ਕੱਤਕ ਵਿਚ ਜਨਮ ਲੈਣ ਵਾਲਾ ਬਾਲਕ ਅਸ਼ੁਭ ਹੁੰਦਾ ਹੈ। ਲੋਕੀਂ ਇਸ ਭਰਮ ਵਿਚ ਉਲਝ ਕੇ ਭਾਦਰੋਂ ਜਾਂ ਕੱਤਕ ਵਿਚ ਜਨਮ ਲੈਣ ਵਾਲੇ ਬਾਲਕ ਨੂੰ ਘਰੋਂ ਕੱਢ ਦਿੰਦੇ ਸਨ। ਬਹੁਤ ਸਾਰੇ ਤਾਂ ਉਸ ਨੂੰ ਘਰੋਂ ਕੱਢ ਕੇ ਬ੍ਰਾਹਮਣ ਨੂੰ ਦਾਨ ਕਰ ਦਿੰਦੇ ਅਤੇ ਫਿਰ ਮੁੱਲ ਦੇ ਕੇ ਉਸ ਪਾਸੋਂ ਵਾਪਸ ਲੈ ਲੈਂਦੇ। ਇਸ ਤਰ੍ਹਾਂ ਕਰਨ ਨਾਲ ਉਸ ਬਾਲਕ ਦੀ ਅਸ਼ੁਭਤਾ ਖ਼ਤਮ ਹੋ ਗਈ ਮੰਨ ਲਈ ਜਾਂਦੀ ਸੀ। ਭਾਈ ਬਾਲਾ ਵਾਲੀ ਜਨਮ ਸਾਖੀ ਦੇ ਸਿਰਜਕਾਂ ਵੱਲੋਂ ਇਸੇ ਬ੍ਰਾਹਮਣੀ-ਭਰਮ ਅਧੀਨ ਸਤਿਗੁਰੂ ਨਾਨਕ ਸਾਹਿਬ ਦਾ ਜਨਮ ਵੀ ਵਿਸਾਖ ਦੀ ਬਜਾਏ ਕੱਤਕ ਵਿੱਚ ਹੋਣ ਦਾ ਭੁਲੇਖਾ ਖੜ੍ਹਾ ਕੀਤਾ ਗਿਆ। ਇਹ ਸਿੱਧ ਕਰਨ ਦਾ ਯਤਨ ਕੀਤਾ ਗਿਆ ਕਿ ਇਹ ਬਾਲਕ ਅਸ਼ੁੱਭ ਹੈ ਕਿਉਂਕਿ ਇਸ ਦਾ ਜਨਮ ਕੱਤਕ ਵਿੱਚ ਹੋਇਆ ਹੈ।

ਲਗਭਗ ਸਾਰੇ ਇਤਿਹਾਸਕ ਤੱਥਾਂ ਤੋਂ ਇਹ ਗੱਲ ਭਲੀ-ਭਾਂਤ ਸਪਸ਼ਟ ਹੁੰਦੀ ਹੈ ਕਿ ਸਤਿਗੁਰੂ ਜੀ ਦਾ ਪ੍ਰਕਾਸ਼ **ਵੈਸਾਖ ਸੁਦੀ ੩, ਸੰਮਤ ੧੫੨੬ ਜਿਸ ਦੀ ਅੰਗਰੇਜ਼ੀ ਤਾਰੀਖ਼ ੧੫ ਅਪ੍ਰੈਲ,**

**<u>੧੪੬੯(ਜੂਲੀਅਨ)</u>** ਬਣਦੀ ਹੈ ਨੂੰ ਹੋਇਆ। ਆਓ ਸੱਚ ਜਾਨਣ ਲਈ ਇਸ ਸੰਬੰਧੀ ਪ੍ਰਾਪਤ ਕੁੱਝ ਵਿਸ਼ੇਸ਼ ਤੱਥਾਂ ਤੇ ਨਜ਼ਰਸਾਨੀ ਕਰੀਏ।

ਸਭ ਨਾਲੋਂ ਪਹਿਲਾਂ ਅਸੀਂ ਗੁਰਮੁਖੀ ਦੀ ਅਣਮੋਲ ਇਤਿਹਾਸਕ ਹੱਥ ਲਿਖ਼ਤ ***<u>ਸਾਖੀ ਮਹਲੁ ਪਹਿਲੇ ਕੀ</u>*** ਜਿਸ ਨੂੰ ਲਿਖਣ ਵਾਲੇ ਸਾਖੀਕਾਰ ਭਾਈ ਸੀਹਾਂ ਉਪਲ, ਜੋ ਸਤਿਗੁਰੂ ਨਾਨਕ ਸਾਹਿਬ ਜੀ ਦੇ ਅਨਿਨ ਸਿੱਖ ਸਨ, ਦਾ ਹਵਾਲਾ ਦੇ ਰਹੇ ਹਾਂ। ਇਹ ਜਨਮ ਸਾਖੀ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਲਗਭਗ ੩੦ ਸਾਲ ਬਾਅਦ ਲਿਖੀ ਗਈ। ਇਸ ਨੂੰ ਸ.ਸ. ਪਦਮ ਨੇ ਸੰਪਾਦਿਤ ਕੀਤਾ ਅਤੇ ਸਿੰਘ ਬਰਦਰਜ਼ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਬਾਰੇ ਇਓਂ ਲਿਖਿਆ ਹੋਇਆ ਹੈ:

***<u>ਸੰਮਤ ੧੫੨੬ ਬਾਬਾ ਨਾਨਕੁ ਜਨਮਿਆ॥ ਵੈਸਾਖ ਦਿਨ ਤੀਜ ਚਾਨਣੀ ਰਾਤਿ ਅੰਮ੍ਰਿਤ ਵੇਲਾ ਪਹਰੁ ਰਾਤਿ ਰਹਦੀ ਜਨਮੁ ਲਇਆ॥</u>***

ਇਸ ਤੋਂ ਬਾਅਦ ਜਨਮ ਸਾਖ਼ੀ ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਦੀ ਹੱਥ ਲਿਖ਼ਤ ਕਾਪੀ ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਚ ਸਾਂਭੀ ਹੋਈ ਹੈ ਅਤੇ ਉਸ ਦਾ ਨੰਬਰ ਬੀ-੪੦ ਅਤੇ ਜਿਸ ਨੂੰ ਡਾ. ਪਿਆਰ ਸਿੰਘ ਜੀ ਨੇ ਸੰਪਾਦਿਤ ਕੀਤਾ ਅਤੇ ਪਹਿਲੀ ਵਾਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਨਵੰਬਰ ੧੯੭੪ ਵਿਚ ਛਾਪਿਆ ਗਿਆ। ਇਸ ਵਿੱਚ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸੰਬੰਧੀ ਹੇਠ ਲਿਖੀਆਂ ਸਤਰਾਂ ਦਰਜ ਹਨ:

*॥ਸੰਮਤ॥੧੫੨੬॥ਬਾਬਾ ਨਾਨਕੁ ਜਨਮਿਆ॥ਵੈਸਾਖੋ ਦਿਨ ਤੀਜੈ ਚਾਨਣੀ ਰਾਤਿ ਅੰਮ੍ਰਿਤ ਵੇਲੈ ਪਹਰੁ ਰਾਤਿ ਰਹਦੀ (ਕਉ) ਜਨਮਿਆ॥...*

**ਪੁਰਾਤਨ ਜਨਮ ਸਾਖ਼ੀ** ਜਿਸ ਨੂੰ H.T Cole Brooke ਵਾਲੀ ਜਨਮ ਸਾਖੀ ਵੀ ਕਿਹਾ ਜਾਂਦਾ ਹੈ, ਇਸ ਦੀ ਹੱਥ-ਲਿਖ਼ਤ ਵੀ ਇੰਡੀਆ ਆਫ਼ਿਸ, ਲੰਡਨ ਦੀ ਲਾਇਬ੍ਰੇਰੀ ਵਿਚ ਇੰਦਰਾਜ ਨੰਬਰ ਬੀ-੬ ਤੇ ਸਾਂਭੀ ਹੋਈ ਹੈ। ਇਸ ਨੂੰ ਭਾਈ ਵੀਰ ਸਿੰਘ ਜੀ ਨੇ ਸੰਪਾਦਿਤ ਕਰਕੇ ਨਵੰਬਰ ੧੯੮੯ ਵਿਚ ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਕਰਵਾਇਆ। ਇਸੇ

ਜਨਮ ਸਾਖੀ ਲੜੀ ਦੀਆਂ ਤਿੰਨ ਹੋਰ ਹੱਥ ਲਿਖਤਾਂ ਨੂੰ ਪ੍ਰਸਿੱਧ ਵਿਦਵਾਨ ਡਾ. ਰਤਨ ਸਿੰਘ ਜੱਗੀ ਨੇ ਆਪਣੀ ਪੁਸਤਕ, '**ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ**' ਰਾਹੀਂ ਸੰਪਾਦਿਤ ਕੀਤਾ ਅਤੇ ਇਸ ਨੂੰ ਪੈਪਸੂ ਬੁੱਕ ਡਿਪੂ, ਪਟਿਆਲਾ ਨੇ ਛਾਪਿਆ। ਪਹਿਲੀ ਹੱਥ-ਲਿਖਤ ਦੀ ਕਾਪੀ ਨਿਰਮਲੇ ਸੰਤ ਗਿਆਨੀ ਚੰਦਾ ਸਿੰਘ ਰਿਖੀਕੇਸ਼ ਵਾਲਿਆਂ ਕੋਲ ਪਈ ਹੈ। ਦੂਸਰੀ ਹੱਥ ਲਿਖਤ ਪੰਜਾਬ ਹਿਸਟਾਰੀਕਲ ਸਟੱਡੀਜ਼ ਡਿਪਾਰਟਮੈਂਟ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਨੰ: ੨੬੬੫ ਤੇ ਸੁਰਖਿਅਤ ਹੈ। ਤੀਸਰੀ ਹੱਥ ਲਿਖਤ ਸੈਂਟ੍ਰਲ ਪਬਲਿਕ ਲਾਇਬ੍ਰੇਰੀ ਪਟਿਆਲਾ ਵਿੱਚ ਨੰ: ੨੯੧੩ ਤੇ ਸੁਰਖਿੱਅਤ ਹੈ। ਇਨ੍ਹਾਂ ਸਾਰੀਆਂ ਪੋਥੀਆਂ ਵਿੱਚ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸੰਬੰਧੀ ਹੇਠ ਲਿਖੀਆਂ ਸਤਰਾਂ ਅੰਕਿਤ ਹਨ:

*...ਸੰਮਤ ੧੫੨੬ ਬਾਬਾ ਨਾਨਕੁ ਜਨਮਿਆ ਵੈਸਾਖ ਮਾਹਿ ੩ ਤ੍ਰਿਤੀਆ, ਚਾਦਨੀ ਰਾਤਿ, ਅੰਮ੍ਰਿਤ ਵੇਲਾ, ਪਹਰੁ ਰਾਤਿ ਰਹਿੰਦੀ ਕਉ ਜਨਮਿਆ॥...*

ਇਵੇਂ ਹੀ ਡਾ. ਪਿਆਰ ਸਿੰਘ ਜੀ ਨੇ ਜਨਮ ਸਾਖੀਆਂ ਸੰਬੰਧੀ ਆਪਣੀ ਪੁਸਤਕ '**ਆਦਿ ਸਾਖੀਆਂ**' ਨੂੰ ਸੰਪਾਦਿਤ ਕੀਤਾ ਜੋ ਕਿ ੧੯੬੯ ਵਿੱਚ ਪਹਿਲੀ ਵਾਰੀ ਲਾਹੌਰ ਬੁੱਕ ਸ਼ਾਪ, ਲੁਧਿਆਣਾ ਵੱਲੋਂ ਛਾਪੀ ਗਈ। ਇਸ ਵਿੱਚ ਉਨ੍ਹਾਂ ਨੇ ਤਿੰਨ ਹੱਥ ਲਿਖਤਾਂ ਨੂੰ ਆਧਾਰ ਬਣਾਇਆ। ਪਹਿਲੀ ਹੱਥ-ਲਿਖਤ ਮਾਹਰਾਜਾ ਪਟਿਆਲਾ ਦੇ ਨਿੱਜੀ ਪੁਸਤਕਾਲਯ ਵਿੱਚ ਸੁਰਖਿਅਤ ਹੈ ਜੋ ੧੭੦੧ ਵਿੱਚ ਲਿਖੀ ਮੰਨੀ ਜਾਂਦੀ ਹੈ। ਦੂਸਰੀ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਦੀ ਨਿੱਜੀ ਲਾਇਬ੍ਰੇਰੀ ਵਿਚਲੀ ਹੱਥ ਲਿਖਤ ਹੈ ਅਤੇ ਤੀਸਰੀ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚਲੀ ਹੱਥ-ਲਿਖਤ ਪੋਥੀ ਨੰਬਰ ਪ੪੬ਪ ਹੈ। ਇਸ ਵਿੱਚ ਸੱਚੇ ਪਾਤਸ਼ਾਹ ਜੀ ਦੇ ਪ੍ਰਕਾਸ਼ ਸੰਬੰਧੀ ਇਸ ਤਰ੍ਹਾਂ ਉਲੇਖ ਕੀਤਾ ਗਿਆ ਹੈ:

***...ਕਲਜੁਗ ਵਿਚਿ ਬਾਬਾ ਨਾਨਕ ਹੋਇ ਜਨਮਿਆ॥ ਪਾਰਬ੍ਰਹਮ ਕਾ ਭਗਤ॥ ਸੰਮਤ ੧੫੨੬ ਬਾਬਾ ਨਾਨਕੁ ਜਨਮਿਆ ਪਾਰਬ੍ਰਹਮ ਕਾ ਭਗਤੁ॥ ਵੈਸਾਖ ਮਾਹਿ ਦਿਨ ਤੀਜੇ ਪਹਰ ਰਾਤਿ ਰਹਦੀ (ਕਉ) ਜਨਮਿਆ॥...***

ਭਾਈ ਮਿਹਰਬਾਨ ਜੀ ਜੋ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਪੋਤਰੇ ਅਤੇ ਸਤਿਗੁਰੂ ਅਰਜਨ ਦੇਵ ਜੀ ਦੇ ਭਤੀਜੇ ਸਨ ਦੁਆਰਾ

ਲਿਖੀ ਗਈ ਜਨਮ ਸਾਖ਼ੀ **ਸੱਚ-ਖੰਡ ਪੋਥੀ,** ਜਿਸ ਨੂੰ ਭਾਰਤ ਸਰਕਾਰ ਦੀ ਮਨਜ਼ੂਰੀ ਨਾਲ ਖਾਲਸਾ ਕਾਲਜ, ਅੰਮ੍ਰਿਤਸਰ ਨੇ ਛਪਵਾਇਆ ਅਤੇ ਇਸ ਦੀ ਹੱਥ-ਲਿਖ਼ਤ ਵੀ ਖਾਲਸਾ ਕਾਲਜ, ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿੱਚ ਸੁਰੱਖਿਅਤ ਹੈ। ਇਸ ਨੂੰ ਮਿਹਰਬਾਨ ਵਾਲੀ ਜਨਮ ਸਾਖੀ ਵੀ ਕਿਹਾ ਜਾਂਦਾ ਹੈ। ਇਸ ਅੰਦਰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਸੰਬੰਧੀ ਇਉਂ ਵਰਨਣ ਕੀਤਾ ਹੋਇਆ ਹੈ:

***...ਤਬ ਗੁਰੂ ਬਾਬਾ ਨਾਨਕੁ ਕਾਲੂ ਕੈ ਘਰਿ ਤ੍ਰਿਪਤਾ ਕੈ ਉਦਰਿ, ਬੇਦੀ ਕੈ ਬੰਸਿ ਖਤ੍ਰੀ ਕੈ ਜਨਮਿ ਪੰਜਾਬ ਕੀ ਧਰਤੀ ਚਾਹਲਾ ਵਾਲੇ, ਸੰਮਤ ੧੫੨੬ ਵੈਸਾਖ ਮਾਸਿ ਥਿਤਿ ਤ੍ਰਿਤੀਏ ਚਾਂਨਣੀ ਕਂਉ, ਪਹਰੁ ਰਾਤਿ ਪਿਛਲੀ ਰਹਤੀ ਕਂਉ ਅੰਬ੍ਰਿਤ***

***ਵੇਲਾ ਜਨਮੁ ਲਇਆ॥...***

ਭਾਈ ਮਨੀ ਸਿੰਘ ਜੀ ਦੁਆਰਾ ਲਿਖੀ ਮੰਨੀ ਜਾਂਦੀ ਜਨਮ ਸਾਖੀ, ਜਿਸ ਦੇ ਹੱਥ ਲਿਖ਼ਤ ਖਰੜੇ ਦੀ ਕਾਪੀ ਨੂੰ ਡਾ. ਕਿਰਪਾਲ ਸਿੰਘ ਜੀ ਨੇ ਆਪਣੀ ਪੁਸਤਕ **ਜਨਮ ਸਾਖੀ ਪਰੰਪਰਾ** ਵਿਚ ਅੰਕਿਤ ਕੀਤਾ ਹੋਇਆ ਅਤੇ ਇਸ ਨੂੰ ਪੰਜਾਬੀ

ਯੂਨੀਵਰਸਿਟੀ, ਪਟਿਆਲਾ ਨੇ ੧੯੬੯ ਵਿਚ ਪ੍ਰਕਾਸ਼ਿਤ ਕੀਤਾ, ਵਿੱਚ ਸਤਿਗੁਰੂ ਜੀ ਦੇ ਪ੍ਰਕਾਸ਼ ਸੰਬੰਧੀ ਇਉਂ ਲਿਖਿਆ ਹੋਇਆ ਹੈ:

***...ਸੰਮਤ ੧੫੨੬ ਸੁਭ ਦਿਨ ਮਾਹ ਵਿਸਾਖ ਸਾਖ ਸ਼ੁਕਲ ਤੀਜ ਸਵਾ ਪਹਰੁ ਰਾਤ ਰਹਿੰਦੀ ਸੁਭ ਮਾਸ ਸੁਭ ਨਿਖਤ੍ਰ ਸੁਭ ਵਾਰ ਸੁਭ ਸੁ ਥਿਤ ਸੁਭ ਮਹੂਰਤ ਸੁਭ ਘੜੀ ਮਾਤਾ ਤ੍ਰਿਪਤਾ ਅਰ ਪਿਤਾ ਕਾਲੂ ਕੇ ਗ੍ਰਿਹ ਆਣ ਅਵਤਾਰ ਧਾਰਿਆ।...***

ਭਾਈ ਬਾਲੇ ਵਾਲੀ ਜਨਮ ਸਾਖ਼ੀ ਜਿਸ ਦੀ ਇੱਕ ਹੱਥ ਲਿਖ਼ਤ ਸੰਗਰੂਰ ਵਿਖੇ ਰਾਓ ਉੱਤਮ ਸਿੰਘ ਜੀ ਦੇ ਗ੍ਰਹਿ ਵਿਖੇ ਮੌਜੂਦ ਹੈ ਦੇ ਪੱਤਰਾ ਨੰਬਰ ੫ ਉੱਤੇ ਸਤਿਗੁਰੂ ਜੀ ਦੇ ਪ੍ਰਕਾਸ਼ ਦਿਵਸ ਸੰਬੰਧੀ ਹੇਠ ਲਿਖੀਆਂ ਪੰਕਤੀਆਂ ਦਰਜ ਹਨ:

***...ਵੈਸਾਖ ਤ੍ਰਿਤੀਆ ਚਾਨਣ ਕੋ ਗੁਰੂ ਬਾਬੇ ਨਾਨਕ ਜਨਮ ਲੀਆ ਸਵਾ ਪਹਿਰ ਰਾਤਿ ਪਿਛਲੀ ਰੰਹਿਦੀ ਕੋ ਅੰਮ੍ਰਿਤ ਵੇਲੇ ਜਨਮ ਲੀਆ॥ ਸੰਮਤ ੧੫ ਸੈ ਛਬੀ॥੧੫੨੬॥ਬੈਸਾਖ ਦੀ ਤ੍ਰਿਆ ਕੇ ਦਿਨ ਅੰਮ੍ਰਿਤ ਵੇਲੇ ਪਹਿਰੁ ਰਾਤਿ ਪਿਛਲੀ ਰਹਿਣ ਕੋ ਜਨਮਿਆ...॥***

ਵੈਰੋਵਾਲ ਵਾਲੀ ਜਨਮ ਸਾਖੀ ਜਿਸ ਦਾ ਜ਼ਿਕਰ ਸ. ਕਰਮ ਸਿੰਘ ਜੀ ਹਿਸਟੋਰੀਅਨ ਨੇ ਆਪਣੀ ਪੁਸਤਕ, 'ਕੱਤਕ ਕਿ ਵਿਸਾਖ?' ਵਿੱਚ ਕੀਤਾ ਹੈ। ਇਸ ਦੀ ਹੱਥ ਲਿਖਤ ਪੋਥੀ ਵੈਰੋਵਾਲ ਦੇ ਮੰਜੀ ਨਸ਼ੀਨਾਂ (ਭਾਈ ਮਾਣਕ ਚੰਦ ਜੀ ਮੁਰਗਾਈ ਦੀ ਸੰਤਾਨ) ਪਾਸ ਹੈ। ਉਸ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਬਾਰੇ ਇਉਂ ਲਿਖਿਆ ਹੋਇਆ ਹੈ:

***...ਤਲਵੰਡੀ ਰਾਇ ਭੋਇ ਭਟੀ ਕੀ॥ ਬਾਬੇ ਨਾਨਕ ਜਨਮ ਲਇਆ॥ ਕਾਲੂ ਖਤਰੀ ਜਾਤ ਵੇਦੀ ਕੇ ਘਰ ਜਨਮ ਲਿਆ॥ ਸੰਮਤ ੧੫੨੬, ਕਲਜੁਗ ਵਿਚ ਬਾਬਾ ਨਾਨਕ ਨਾਉਂ ਧਰਾਇਆ॥ ਆਪਣਾ ਪੰਥ ਚਲਾਇਆ॥ ਵੈਸਾਖ ਮਹਿ ਤੇ ਦਿਨ ਤੀਜ ਚਾਨਣੀ ਰਾਤਿ ਅੰਮ੍ਰਿਤ ਵੇਲਾ ਪਹਿਰ ਰਾਤ ਰਹਿੰਦੀ ਜਨਮਿਆ॥...***

ਸਰੂਪ ਦਾਸ ਭੱਲਾ ਜੋ ਗੁਰੂ ਅਮਰਦਾਸ ਜੀ ਦੀ ਅੰਸ-ਬੰਸ ਵਿਚੋਂ ਸਨ ਅਤੇ ਜਿਨ੍ਹਾਂ ਦੁਆਰਾ ਲਿਖਿਆ ਮਹਿਮਾ ਪ੍ਰਕਾਸ਼ (ਛੰਦਬਧ) ਦਾ ਹੱਥ-ਲਿਖਤ ਖਰੜਾ ਭਾਸ਼ਾ ਵਿਭਾਗ, ਪਟਿਆਲਾ ਦੀ ਲਾਇਬ੍ਰੇਰੀ ਵਿੱਚ ਸੁਰਖਿਅਤ ਹੈ ਅਤੇ ਜੋ ਸੰਨ ੧੭੭੬ ਦੀ ਕ੍ਰਿਤ ਮੰਨੀ ਜਾਂਦੀ ਹੈ, ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਬਾਰੇ ਹੇਠ ਲਿਖੇ ਅਨੁਸਾਰ ਪੰਕਤੀਆਂ ਦਰਜ ਹਨ:

***ਹਰਿ ਭਇਓ ਅਵਤਾਰ ਨਿਰੰਜਨੀ ਸੰਤ ਰੂਪ ਤਨ ਤਾਰ॥ ਕਾਰਨ ਤਾਰਨ ਜਗਤ ਕੋ ਕਰ ਹੈ ਭਗਤਿ ਪਰਚਾਰ॥***

***ਧੰਨ ਦੇਸ ਧੰਨ ਨਗਰ ਸੋ ਧੰਨ ਬਰਨ ਕੁਲ ਸੋਇ॥ ਧੰਨ ਸਮਾ ਧੰਨ ਮਾਤ ਪਿਤਾ ਸੰਤ ਜਨਮ ਗ੍ਰਹਿ ਹੋਇ॥***

***ਸੰਮਤ ਬਿਕ੍ਰਮ ਨਿਰਪ ਕੋ ਪੰਦਰਹ ਸਹਸ ਪਚੀਸ॥ ਵੈਸਾਖ ਸੁਦੀ ਥਿਤ ਤੀਜ ਕੋ ਧਰਉ ਸੰਤ ਬਪ ਈਸ॥***

ਮਹਿਮਾ ਪ੍ਰਕਾਸ਼ (ਵਾਰਤਕ) ਜਿਸ ਦਾ ਜ਼ਿਕਰ ਪ੍ਰੋਫੈਸਰ ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ ਗੁਰ ਨਾਨਕ ਸਾਗਰ ਜੋ ਕਿ ਉਨ੍ਹਾਂ ਵੱਲੋਂ ੧੯੯੩ ਵਿੱਚ ਛਾਪੀ ਗਈ ਵਿਚ ਕੀਤਾ ਹੈ। ਇਸ ਦਾ ਹੱਥ ਲਿਖ਼ਤ ਖਰੜਾ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਡੇਹਰਾਦੂਨ ਵਿਖੇ ਸੁਰਖਿਅਤ ਹੈ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਬਾਰੇ ਇਉਂ ਲਿਖਿਆ ਹੋਇਆ ਹੈ:

***ਸ੍ਰੀ ਪਾਰਬ੍ਰਹਿਮ ਅਬਿਨਾਸ਼ੀ...ਜਗਤ ਕੇ ਉਧਾਰਨੇ ਕੇ ਨਮਿਤ, ਸਰਬ ਕਲਾ ਸੰਪੂਰਨ, ਭਗਤਿ ਬੈਰਾਗ ਜੋਗ ਗਿਆਨ ਸੰਜੁਗਤ, ਸਰਬ ਉਪਮਾ-ਸੰਪੰਨ, ਸੰਬਤ ੧੫੨੬, ਮਾਸ ਬੈਸਾਖ ਤੀਜ, ਚਾਂਦਨੀ***

*<u>ਰਾਤ, ਅੰਮ੍ਰਿਤ ਵੇਲੇ ਪਹਰ ਰਾਤਿ ਰਹਿੰਦੀ ਤਿਲਵੰਡੀ ਰਾਇ ਭੋਇ ਭੱਟੀ ਦੇ ਵਿਚ ਕਾਲੂ ਬੇਦੀ ਕੇ ਘਰਿ ਅਉਤਾਰ ਲੀਆ, ...</u>*

ਸਤਿਗੁਰੂ ਨਾਨਕ ਸਾਹਿਬ ਜੀ ਦੀ ਦਸਵੀਂ ਪੀੜ੍ਹੀ ਵਿਚੋਂ ਬਾਬਾ ਸੁਖਬਾਸੀ ਜੀ ਨੇ ਨਾਨਕ ਬੰਸ ਪ੍ਰਕਾਸ਼ ਗ੍ਰੰਥ ਦੀ ਰਚਨਾ ਕੀਤੀ ਜਿਸ ਨੂੰ ਸ. ਗੁਰਮੁਖ ਸਿੰਘ ਜੀ ਨੇ ਸੰਪਾਦਤ ਕੀਤਾ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ੧੯੮੬ ਵਿਚ ਛਾਪਿਆ, ਵਿੱਚ ਵੀ ਸਤਿਗੁਰੂ ਜੀ ਦਾ ਪ੍ਰਕਾਸ਼ ਦਿਹਾੜਾ, ਵਿਸਾਖ ਸੁਦੀ ੩ ਦਾ ਹੀ ਦਰਜ ਕੀਤਾ ਹੋਇਆ ਹੈ। ਇਸ ਦਾ ਹੱਥ-ਲਿਖਤ ਖਰੜਾ ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਵਿਚ ਨੰ: ੨੯੧੯ ਤੇ ਸੁਰੱਖਿਅਤ ਹੈ। ਇਸ ਪੁਸਤਕ ਦੇ ਪੰਨਾ ੪੩ ਤੇ ਗੁਰੂ ਨਾਨਕ ਸਾਹਿਬ ਦੇ ਆਗਮਨ ਬਾਰੇ ਇਉਂ ਲਿਖਿਆ ਹੋਇਆ ਹੈ:

*<u>ਸ੍ਰੀ ਸਤਿਗੁਰ ਅਵਿਤਾਰ ਕੋ ਸਮਾ ਪਹੁਚਓ ਆਇ॥ ਬੇਦੀ ਸਭ ਉਜਲ ਰਹੇ ਈਸ ਭਕਤਿ ਅਧਿਕਾਇ॥੫੪॥</u>*

*<u>ਸੰਬਤਿ ਬਿਕ੍ਰਮ ਨ੍ਰਿਪਤ ਕੋ ਪੰਦ੍ਰਹਿ ਸਤਿ ਖਟਿ ਬੀਸਿ॥ ਅਖਯ ਤੀਜਿ ਤਿਥ ਮਾਸ ਬਰਿ ਮਾਧਵ ਪ੍ਰਗਟੇ ਈਸ॥੫॥</u>*

*ਰਿਤੁ ਬਸੰਤਿ ਸੋਭਾ ਘਨੀ ਪੁਹਪ ਭਮ੍ਰ ਗੁੰਜਾਰ॥ ਏਕ ਜਾਮ ਰਜਨੀ ਰਹਿਤ ਆਵਰਭਾਵਿ ਮੁਰਾਰ॥੫੬॥*

*ਸੁਕਲ ਪਖਿ ਉਤਪਤਿ ਭਏ ਆਤਮ ਰਾਮ ਅਨੰਤਿ॥ ਦਰਸਨ ਦੀਨੋ ਮਾਤ ਕੋ ਜਪਹਿ ਸਕਲ ਜਿਹ ਸੰਤਿ॥੫੭*

ਇਸ ਦਾ ਅਰਥ ਇਹੋ ਬਣਦਾ ਹੈ ਕਿ ਸੰਮਤ ੧੫੨੬ ਵਿੱਚ ਵਿਸਾਖ (ਮਾਧਵ) ਸੁਦੀ ੩ ਚਾਨਣੇ (ਸੁਕਲ) ਪੱਖ ਵਿੱਚ ਜਦੋਂ ਬੜਾ ਸੁਹਾਵਣਾ ਮੌਸਮ ਸੀ ਅਤੇ ਭੰਵਰੇ ਗੂੰਜਾਂ ਪਾਉਂਦੇ ਸਨ ਅਤੇ ਰਾਤ ਦਾ ਇੱਕ ਪਹਿਰ ਰਹਿੰਦਾ ਸੀ, ਸਤਿਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ।

ਭਾਈ ਗੁਲਾਬ ਸਿੰਘ ਰਚਿਤ ਗੁਰ ਰਤਨਾਵਲੀ (ਜਿਸ ਦਾ ਰਚਨਾ ਕਾਲ ੧੫੮੧ ਈਸਵੀ ਮੰਨਿਆ ਜਾਂਦਾ ਹੈ) ਵਿੱਚ ਵੀ ਗੁਰੂ ਨਾਨਕ ਪਾਤਸ਼ਾਹ ਹਜ਼ੂਰ ਦੇ ਪ੍ਰਕਾਸ਼ ਦਿਵਸ ਦੀ ਮਿਤੀ ਸੰਬੰਧੀ ਇਵੇਂ ਲਿਖਿਆ ਹੋਇਆ ਹੈ:

*ਅਰ ਮਿਹਰਬਾਨ ਕ੍ਰਿਤ ਜਨਮ ਸਾਖੀ ਹੂੰ ਲਿਖਯੋ, ਭਾਈ ਜੀ ਕੀ ਪਹਿਲੀ ਵਾਰ ਮਾਹਿ ਐਸੇ ਜਾਨੀਐ ॥*

***ਸੂਰਤ ਹੂੰ ਸਿੰਘ ਕ੍ਰਿਤ ਟੀਕੇ ਮਾਹਿ ਜੈਸੇ ਲਿਖਯੋ, ਭਾਖਯੋ ਬਿਸਾਖ ਮਾਸ ਸੁਦੀ ਤੀਜ ਜਾਨੀਐ ॥***

ਅਜੋਕੇ ਵਿਦਵਾਨਾਂ ਵਿੱਚੋਂ ਸਿੱਖ ਧਰਮ ਦੇ ਪ੍ਰਸਿੱਧ ਵਿਦਵਾਨ ਮੈਕਾਲਿਫ਼ ਸਾਹਿਬ ਵੀ ਸਤਿਗੁਰੂ ਜੀ ਦੀ ਜਨਮ-ਮਿਤੀ ਵੈਸਾਖ ਸੁਦੀ ਤਿੰਨ ਦੀ ਹੀ ਠੀਕ ਮੰਨਦੇ ਹਨ। ਡਾ. ਟਰੰਪ ਅਤੇ ਡਾ. ਮੈਕਲੋਡ ਆਦਿ ਵਿਦੇਸ਼ੀ ਵਿਦਵਾਨ ਵੀ ਵੈਸਾਖ ਸੁਦੀ ਤਿੰਨ ਦੇ ਹੱਕ ਵਿਚ ਹਨ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ, ਪ੍ਰਿੰਸੀਪਲ ਤੇਜਾ ਸਿੰਘ, ਪ੍ਰਸਿੱਧ ਹਿਸਟੋਰੀਅਨ ਡਾ. ਗੰਡਾ ਸਿੰਘ ਜੀ, ਮਹਾਨ ਇਤਿਹਾਸਕਾਰ ਅਤੇ ਗੁਰਬਾਣੀ ਦੇ ਟੀਕਾਕਾਰ ਪ੍ਰੋ. ਸਾਹਿਬ ਸਿੰਘ ਜੀ, ਪ੍ਰਸਿੱਧ ਇਤਿਹਾਸਕਾਰ ਸ. ਕਰਮ ਸਿੰਘ ਜੀ ਹਿਸਟੋਰੀਅਨ, ਭਾਈ ਸਾਹਿਬ ਵੀਰ ਸਿੰਘ ਜੀ, ਸਿੱਖ ਇਤਿਹਾਸ ਦੇ ਲਿਖਾਰੀ ਪ੍ਰੋ. ਕਰਤਾਰ ਸਿੰਘ ਜੀ, ਪ੍ਰਿੰਸੀਪਲ ਸਤਿਬੀਰ ਸਿੰਘ, ਸਥਾਪਿਤ ਵਿਦਵਾਨ ਡਾ. ਰਤਨ ਸਿੰਘ ਜੀ ਜੱਗੀ, ਇਨਸਾਈਕਲੋਪੀਡੀਆ ਦੇ ਕਰਤਾ ਡਾ. ਹਰਬੰਸ ਸਿੰਘ ਜੀ ਅਤੇ ਹੋਰ ਅਨੇਕਾਂ ਆਧੁਨਿਕ ਵਿਦਵਾਨ ਅਤੇ ਸਾਹਿਤਕਾਰ ਵੀ ਵੈਸਾਖ ਸੁਦੀ ਤਿੰਨ ਦੀ ਮਿਤੀ ਨੂੰ ਹੀ ਸਹੀ ਮੰਨਦੇ ਹਨ।

ਜਿਵੇਂ ਕਿ ਮੈਂ ਉਪਰ ਜ਼ਿਕਰ ਕੀਤਾ ਹੈ ਕਿ ਗੁਰੂ ਘਰ ਦੇ ਦੋਖੀਆਂ ਹੰਦਾਲੀਆਂ ਅਤੇ ਨਿਰੰਜਨੀਆਂ ਨੇ ਬਾਲੇ ਨਾਂ ਦੇ ਇੱਕ ਮਨਘੜਤ ਪਾਤਰ ਨੂੰ ਉਸਾਰ ਕੇ ਧੰਨ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਓਜਸਵੀ ਜੀਵਨ ਨੂੰ ਧੁੰਧਲਾਉਣ ਅਤੇ ਇਤਿਹਾਸ ਵਿੱਚ ਰੋਲ ਘਚੋਲਾ ਪਾਉਣ ਲਈ ਸੱਚੇ ਪਾਤਸ਼ਾਹ ਜੀ ਦਾ ਪ੍ਰਕਾਸ਼ ਦਿਹਾੜਾ ਕੱਤਕ ਦੀ ਪੂਰਨਮਾਸ਼ੀ ਨੂੰ ਸਿੱਧ ਕਰਨ ਦਾ ਯਤਨ ਕੀਤਾ। ਭਾਈ ਸੰਤੋਖ਼ ਸਿੰਘ ਜੀ ਨੇ ਵੀ ਭਾਈ ਬਾਲੇ ਵਾਲੀ ਜਨਮ ਸਾਖੀ ਨੂੰ ਹੀ ਆਧਾਰ ਬਣਾਉਂਦਿਆਂ ਸੂਰਜ ਪ੍ਰਕਾਸ਼ ਵਿਚ ਸਤਿਗੁਰੂ ਜੀ ਦਾ ਪ੍ਰਕਾਸ਼ ਦਿਵਸ ਕੱਤਕ ਦੀ ਪੂਰਨਮਾਸ਼ੀ ਨੂੰ ਲਿਖਣ ਦਾ ਯਤਨ ਕੀਤਾ ਹੈ। ਪਰ ਉਨ੍ਹਾਂ ਦੀ ਆਪਣੀ ਧਾਰਨਾਂ ਵੀ ਉਨ੍ਹਾਂ ਦੇ ਲਿਖੇ ਅਨੁਸਾਰ ਹੀ ਗਲਤ ਸਿੱਧ ਹੋ ਜਾਂਦੀ ਹੈ। ਉਨ੍ਹਾਂ ਵੱਲੋਂ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਬਾਰੇ ਹੇਠ ਲਿਖੀਆਂ ਸਤਰਾਂ ਲਿਖੀਆਂ ਹੋਈਆਂ ਹਨ:

*ਸੰਮਤ ਸਤਰ ਪਛਾਣ ਪੰਚ ਮਾਸ ਬੀਤੇ ਬਹੁਰ॥*

*ਸਪਤ ਦਿਨਨ ਪਮਾਣ ਪਾਤਸ਼ਾਹੀ ਸ੍ਰੀ ਪ੍ਰਭ ਕਰੀ॥*

ਇਸ ਦਾ ਅਰਥ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੭੦ ਸਾਲ, ੫ ਮਹੀਨੇ ਅਤੇ ੭ ਦਿਨ ਇਸ ਸੰਸਾਰ ਦੀ ਪਾਤਸ਼ਾਹੀ ਯਾਤਰਾ ਕੀਤੀ। ਸਾਰੀਆਂ ਜਨਮ ਸਾਖੀਆਂ, ਆਦਿ ਸਾਖੀਆਂ ਅਤੇ ਹੋਰ ਸਰੋਤ ਅਤੇ ਸਾਰੇ ਵਿਦਵਾਨ ਸਤਿਗੁਰੂ ਜੀ ਦੀ ਜੋਤੀ ਜੋਤ ਸਮਾਉਣ ਦੀ ਤਾਰੀਖ਼ ਅਸੂ ਵਦੀ ੧੦, ਭਾਵ ੮ ਅੱਸੂ ੧੫੯੬ ਮੰਨਦੇ ਹਨ। ਇਸ ਹਿਸਾਬ ਨਾਲ ਜੋਤੀ ਜੋਤ ਸਮਾਉਣ ਦੀ ਮਿਤੀ ਵਿਚੋਂ ਕੁੱਲ ਆਯੂ ਘਟਾਇਆਂ ਸਤਿਗੁਰੂ ਜੀ ਵਿੱਸਾਖ ਵਿਚ ਹੀ ਪਰਗਟ ਹੋਏ ਸਿੱਧ ਹੁੰਦੇ ਹਨ ਨਾਂ ਕਿ ਕੱਤਕ ਵਿੱਚ। ਇਸ ਤਰ੍ਹਾਂ ਭਾਈ ਬਾਲੇ ਵਾਲੀ ਜਨਮ ਸਾਖੀ ਅਤੇ ਭਾਈ ਸੰਤੋਖ ਸਿੰਘ ਆਦਿਕ ਦੀਆਂ ਦਿੱਤੀਆਂ ਹੋਈਆਂ ਤਾਰੀਖਾਂ ਬਿਲਕੁਲ ਵੀ ਦਰੁਸਤ ਨਹੀਂ ਹਨ। (ਹੋਰ ਵਿਸਥਾਰ ਲਈ ਦੇਖੋ ਸ. ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ ਕੱਤਕ ਕਿ ਵਿਸਾਖ ਪੰਨਾ ੧੨੩ ਅਤੇ ਸ. ਸੁਰਿੰਦਰ ਸਿੰਘ ਕੋਹਲੀ ਦੀ ਪੁਸਤਕ ਜਨਮ ਸਾਖੀ ਭਾਈ ਬਾਲਾ ਪੰਨਾ ੧੯)।

ਇਨ੍ਹਾਂ ਇਤਿਹਾਸਕ ਹਵਾਲਿਆਂ ਅਤੇ ਵਿਦਵਾਨਾਂ ਦੀ ਰੌਸ਼ਨੀ ਵਿਚ ਇਹ ਭਲੀ ਭਾਂਤ ਸਿੱਧ ਹੋ ਜਾਂਦਾ ਹੈ ਕਿ ਸ੍ਰੀ ਗੁਰੂ

ਨਾਨਕ ਪਾਤਸ਼ਾਹ ਦਾ ਪ੍ਰਕਾਸ਼ **ਵੈਸਾਖ ਸੁਦੀ ੩, ੧੫੨੬ ਨੂੰ ਹੋਇਆ ਜਿਸ ਦੀ ਅੰਗਰੇਜ਼ੀ ਮਿਤੀ ੧੫ ਅਪ੍ਰੈਲ, ੧੪੬੯** ਬਣਦੀ ਹੈ।

ਅਸੀਂ ਸਤਿਗੁਰੂ ਜੀ ਦੇ ਸਿੱਖ ਕਹਾਉਣ ਵਾਲੇ ਅਜੇ ਵੀ ਬਹੁਤ ਸਾਰੀਆਂ ਗੱਲਾਂ ਵਿਚਾਰਨ ਤੋਂ ਬਗੈਰ ਹੀ ਕਰੀ ਅਤੇ ਕਰਵਾਈ ਜਾ ਰਹੇ ਹਾਂ। ਪਰ ਜਦੋਂ ਤੱਕ ਅਸੀਂ ਗਿਆਨ ਅਤੇ ਵਿਚਾਰ ਦੇ ਦਰਵਾਜ਼ੇ ਬੰਦ ਰੱਖ ਕੇ ਦੁਬਿਧਾ ਵਿੱਚ ਵਿਚਰਾਂਗੇ ਉਦੋਂ ਤੱਕ ਸਾਡੀਆਂ ਮੁਸ਼ਕਲਾਤਾਂ ਵਿੱਚ ਹੋਰ ਵੀ ਵਾਧਾ ਹੁੰਦਾ ਜਾਏਗਾ। ਦੁਬਿਧਾ ਹਮੇਸ਼ਾਂ ਕਿਸੇ ਵੀ ਕੌਮ ਅਤੇ ਇਨਸਾਨ ਵਾਸਤੇ ਬੇਅੰਤ ਹਾਨੀਕਾਰਕ ਹੋਇਆ ਕਰਦੀ ਹੈ। ਜ਼ਿੰਦਗੀ ਦਾ ਇਹੀ ਸਬਕ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਾਨੂੰ ਸਿਖਾਇਆ ਸੀ। ਭਰਮਾਂ ਦਾ ਜਿਹੜਾ ਜਾਲ ਮਨੁੱਖੀ ਜੀਵਨ ਦੇ ਦੁਆਲੇ ਉਸ ਸਮੇਂ ਉਣਿਆਂ ਹੋਇਆ ਸੀ ਉਸ ਵਿੱਚੋਂ ਉਨ੍ਹਾਂ ਨੇ ਸਾਨੂੰ ਕੱਢਣ ਦਾ ਯਤਨ ਕੀਤਾ ਹੈ। ਉਸ ਸਮੇਂ ਜੰਮਣ ਤੋਂ ਲੈਕੇ ਮਰਣ ਤਕ ਮਨੁੱਖ ਦੇ ਹਰ ਕਰਮ ਉੱਤੇ ਅਖੌਤੀ ਧਰਮ-ਕਰਮਾਂ ਦਾ ਪਰਛਾਵਾਂ ਪਿਆ ਹੋਇਆ ਸੀ। ਬ੍ਰਾਹਮਣ ਅਤੇ ਰਾਜ ਦੇ ਪੈਰੋਕਾਰਾਂ ਨੇ ਰਲਕੇ ਮਨੁੱਖਾਂ ਦਾ ਲਹੂ ਪੀਣ ਲਈ ਇੱਕ ਅਡੰਬਰ ਰਚਿਆ ਹੋਇਆ ਸੀ, ਜਿਵੇਂ ਸਾਡੇ ਧਰਮ ਵਿੱਚ ਪੰਜਾਬ ਅੰਦਰ ਹੁਣ ਵੀ ਬੇਈਮਾਨਾਂ ਨੇ ਮਿਲੀਭੁਗਤ ਕਰਕੇ

ਇੱਕ ਲੋਟੂ ਟੋਲਾ ਬਣਾਇਆ ਹੋਇਆ ਹੈ। ਇਸ ਦੀ ਵਿਦਵਾਨ ਇਸ ਤਰ੍ਹਾਂ ਵਿਆਖਿਆ ਕਰਦੇ ਹਨ ਕਿ ਜਦੋਂ ਸਟੇਟ ਅਤੇ ਚਰਚ ਰਲ ਜਾਣ ਤਾਂ ਆਮ ਜਨਤਾ ਦੀ ਲੁੱਟ ਖਸੁੱਟ ਨੂੰ ਕੋਈ ਰੋਕ ਨਹੀਂ ਸਕਦਾ। ਯੂਰਪ ਅੰਦਰ ਵੀ ਇਹੋ ਵਰਤਾਰਾ ਵਰਤਿਆ ਸੀ। ਅਜਿਹੇ ਵਰਤਾਰੇ ਸਮੇਂ ਗੁਰੂ ਨਾਨਕ ਸਾਹਿਬ ਵਰਗੀ ਕਿਸੇ ਬਲਵਾਨ ਆਤਮਾ ਨੂੰ ਫਿਰ ਤੋਂ ਮਨੁੱਖ ਜਾਤੀ ਦੇ ਭਲੇ ਲਈ ਇਸ ਸੰਸਾਰ ਵਿਚ ਪ੍ਰਗਟ ਹੋਣਾ ਹੀ ਪੈਂਦਾ ਹੈ। ਖੈਰ ਆਪਣੀ ਗੱਲ ਵੱਲ ਆਈਏ। ਬ੍ਰਾਹਮਣਵਾਦੀ ਮਾਫ਼ੀਏ ਵੱਲੋਂ ਉਸ ਵੇਲੇ ਮਨੁੱਖੀ ਜੀਵਨ ਦੇ ਕਿਸੇ ਵੀ ਅਵਸਰ ਨੂੰ ਲੁੱਟ-ਖਸੁੱਟ ਤੋਂ ਬਖਸ਼ਿਆ ਨਹੀਂ ਸੀ ਜਾਂਦਾ। ਇਸ ਲੁੱਟ ਖਸੁੱਟ ਲਈ ਜ਼ਾਤ ਪਾਤ ਦੀਆਂ ਐਸੀਆਂ ਮਜ਼ਬੂਤ ਦੀਵਾਰਾਂ ਖੜ੍ਹੀਆਂ ਕਰ ਦਿੱਤੀਆਂ ਗਈਆਂ ਸਨ ਕਿ ਉਨ੍ਹਾਂ ਬਾਰੇ ਸੋਚ ਕੇ ਵੀ ਮਨੁੱਖੀ ਹਿਰਦਾ ਕੰਬ ਉਠਦਾ ਹੈ। ਮਨੁੱਖਾਂ ਨੂੰ ਮਨੁੱਖ ਹੋਣ ਦੇ ਅਧਿਕਾਰ ਤੋਂ ਵੀ ਵਾਂਝਿਆਂ ਕਰ ਦਿੱਤਾ ਗਿਆ ਸੀ।

ਸਤਿਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਨਾਲ ਮਨੁੱਖੀ ਸਮਾਜ ਨੇ ਇੱਕ ਸੱਜਰੀ ਸਵੇਰ ਦਾ ਅਹਿਸਾਸ ਕੀਤਾ। ਆਸ ਉਮੀਦ ਦੀ ਇੱਕ ਨਵੀਂ ਕਿਰਨ ਨਜ਼ਰ ਆਈ। ਇੱਕ ਨਵੇਂ ਮਨੁੱਖੀ

ਇਨਕਲਾਬ ਨੇ ਅੰਗੜਾਈ ਭਰੀ। ਨਿਰਮਲ ਪੰਥ ਦਾ ਗਾਡੀ ਰਾਹ ਤੁਰ ਪਿਆ, ਜੋ ਨਨਕਾਣੇ ਤੋਂ ਕੇਸਗੜ੍ਹ ਦੀ ਧਰਤੀ ਤਕ ਪਹੁੰਚਿਆ। ਇਨਸਾਨਾਂ ਲਈ ਇੱਕ ਸੰਜਮ-ਮਈ ਜੀਵਨ ਦਾ ਰਸਤਾ ਸਿਰਜਿਆ ਗਿਆ ਜਿਸ ਰਸਤੇ ਤੇ ਤੁਰਦਿਆਂ ਉਹ ਆਪਣੀ ਹੋਣੀ ਦੇ ਆਪ ਮਾਲਕ ਬਣੇ। ਪ੍ਰਭੂ ਦੇ ਮਿਲਾਪ ਲਈ ਹੁਣ ਕਿਸੇ ਵਿਚੋਲੇ ਦੀ ਲੋੜ ਨਹੀਂ ਸੀ ਰਹਿ ਗਈ। ਬਿਲਕੁਲ ਇੱਕ ਨਵੀਂ ਨਰੋਈ ਜੀਵਨ-ਜਾਚ ਮਨੁੱਖੀ ਸਮਾਜ ਨੂੰ ਮਿਲੀ, ਜਿਸ ਵਿੱਚ ਸਭ ਮਨੁੱਖ ਅਤੇ ਔਰਤਾਂ ਵੀ ਬਰਾਬਰ ਦੇ ਹੱਕਦਾਰ ਸਨ।

ਸਤਿਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਉਂਦਿਆਂ ਆਪਣੇ ਗਿਆਨ ਦੇ ਦਰਵਾਜ਼ੇ ਖੋਲ੍ਹਕੇ, ਸਾਨੂੰ ਜੀਵਨ ਦੇ ਹਰ ਕਦਮ ਨੂੰ ਗੁਰੂ ਦੇ ਬਖਸ਼ੇ ਹੋਏ ਸ਼ਬਦ ਦੀ ਰੌਸ਼ਨੀ ਵਿੱਚ ਵਿਚਾਰਨ ਦੀ ਲੋੜ ਹੈ। ਬਹੁਤ ਸੁਚੇਤ ਹੋਕੇ ਇਹ ਚਿੰਤਨ ਕਰਨ ਦੀ ਜ਼ਰੂਰਤ ਹੈ ਕਿ ਜਿਹੜੇ ਭਰਮਾਂ ਦੇ ਕਿਲ੍ਹੇ ਵਿਚੋਂ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸਾਨੂੰ ਕੱਢਿਆਂ ਸੀ ਉਹ ਦੁਬਾਰਾ ਕਿੰਨੀ ਕਿੰਨੀ ਮਾਤਰਾ ਵਿੱਚ ਮੁੜ ਅਸੀਂ ਆਪਣੇ ਦੁਆਲੇ ਉਸਾਰੀ ਜਾ ਰਹੇ ਹਾਂ। ਸਾਹਿਬ ਜੀ ਨੇ ਜਪੁਜੀ ਵਿੱਚ ਭਰਮਾਂ ਵਾਲੀ ਕੂੜ ਦੀ ਕੰਧ ਭੰਨ ਕੇ ਸੱਚਾ ਸੁੱਚਾ ਮਨੁੱਖ ਬਣਨ ਲਈ ਆਵਾਜ਼ ਮਾਰੀ ਸੀ। ਧੁਰ ਕੀ ਬਾਣੀ ਦੇ ਉਸ

ਰੱਬੀ ਸੁਨੇਹੇ ਨੂੰ ਸੁਣਨ ਦਾ ਯਤਨ ਕਰੀਏ, ਜਿਸ ਨਾਲ ਚੜ੍ਹਦੀ ਕਲਾ ਦੇ ਨਾਲ ਨਾਲ ਸਾਡਾ ਆਪਣਾ ਅਤੇ ਸਰਬੱਤ ਦਾ ਭਲਾ ਹੋਏਗਾ। ਭੁੱਲਾਂ ਚੁੱਕਾਂ ਲਈ ਖਿਮਾਂ। ਗੁਰੂ ਖਾਲਸਾ ਪੰਥ ਸਦ ਬਖਸ਼ਿੰਦ ਹੈ।

# Why should we celebrate

# The Birthday of Guru Nanak in Vaisakh?

## ***Some Historical Facts***

Dr. Onkar Singh

Speaking truly in earnestness, as soon as this sapling of Sikhism started prospering, its antagonists began their onslaughts to create numerous misgivings so as to crush its fervent up rise; so much so that they cooked up numerous misconceptions regarding the divine emergence – the Birthday of Sri

Guru Nanak Dev Jee. Even before the birth of Guru Nanak Dev Jee, the alleged followers of different religions had enmeshed every activity of human life in various misconceptions and thus had made their pillage and plunder quite strong and sturdy. Of the various heinous acts, one peculiar one was begun by the wicked off-shoots of Baba Handal and the proponents *Niranjanias.* It relates to writing of a *Janam Sakhi* by alluding it to a concocted name Bhai Bala. Devising a clique to tarnish the divine image of Guru Nanak, his life and ideology, a caucus was built and, under adequate design, it was thrust deep among the Sikh followers. Quite flimsy imputations were levied on the pure and pious life of Guru Nanak Dev Jee. A malevolent effort was made to present him as a juggler. Such exertions brought forth such venomous results as the Sikh community has not been able to rectify it for centuries. The

subject is quite serious and grim and that needs elucidation, but we shall ponder upon it some other time. The issue in hand is to deal with exploring the truth regarding factual date of birth of Guru Nanak Dev.

With regard to a few misconceptions put forth by the hostile adversaries in reference with birthday of Guru Jee, Karm Singh Historian makes a mention of it in his book titled ‘Katak kay Vaisakh’. Brahmins used to say that any child born in ‘Katak’ or ‘Bhadon’ is usually deemed as ill-omened. Most of the people, feeling puzzled in such disputes, would send the child out of home. Many of the people would offer to send the child out of home or make an offering as alms to the Brahmin, and then take the child back after paying the ransom. By doing so, the ill-omened effect of the child was

considered to have been annulled. Under such a Brahminic effect, the writers of Janam Sakhi misconstrued the birth of Guru Nanak in *Katak* rather than in *Vaisakh.* It was endeavored to prove that the child, having born in *Katak,* was taken to be ill-omened.

In fact, all the historical facts stand to prove that Guru Nanak was born on ***Vaisakh sudi* 3, *Samvat* 1526 i.e. 15 April, 1469 AD.** Let us, in order to explore the truth, look at some of the particular points in this regard.

First of all, we take the privilege to take into account the invaluable hand-written S*akhi* Bhai Mehal Pehle Ki (in Gurmukhi) written by Sakhikar Bhai Seehan Uppal, the most dedicated worshipper

of Guru Nanak Dev Jee. This Janam Salkhi was written about thirty years after the demise of Guru Nanak. This was edited by S. S. Padam and published by Singh Brothers, Amritsar. In this is written as such regarding the birth of Guru Nanak Dev Jee:

***Samwat 1526, Baba Nanak took birth on 3^rd^ lunar-lit night. It was ambrosial hour and the night was just a quarter left.***

Then we refer to the hand-written and well-secured in India Office Library, London, the Janam Sakhi of Guru Nanak Dev Jee. Its number is B-40 and Dr Piar Singh edited it. It was first published by Guru Nanak Dev University, Amritsar in 1974. This book contains the following lines in regard with the birth of Guru Nanak Dev:

***Samvat 1526, Guru Nanak was born. It was third of lunar-lit night. Ambrosial hour and night was left just a quarter.***

**Puratan Janam Sakhi,** *known generally as H. T. Cole Wali Sakhi, i*s in hand-written form and is lying well-secured under entry no. B-6 in the Library of India Office, London. Bhai Vir Singh edited it and it was published in 1989 by *Khalsa Samachar, Hall Bazar, Amritsar.* In the same sequence, renowned scholar Dr Ratan Singh Jaggi edited another three books in his book *'Critical Study of the Janam Sakhis'* and the Pepsu Book Depot, Patiala published it. Copy of the first hand-written version is lying with Nirmaley Sant Giani Chanda Singh Rikhikesh. Second hand-written version is lying safe under no. 2665 with Punjab Historical Studies

Department, Punjabi University, Patiala. Third hand-written version is secured safely under no. 2913 with Central Public Library, Patiala. In all these books, the birth of the Guru is recorded as such

***Samvat 1526, Baba Nanak took birth in the month of Vaisakh and 3rd moon-lit night left with a quarter, ambrosial hour … took birth.***

Likewise, Dr Piar Singh, in regard with the Janam Sakhis, edited his book 'Adi Sakhian' and the same was published first time in 1969 by Lahore Book Shop, Ludhiana. He based the writing of this book on three hand-written versions. The first-hand written version is secured safe in the personal Library of Maharaja Patiala and is admitted to be written in 1701. The second hand-written version is there in the personal Library of Sardar Shamsher

Singh Ashok and the third hand-written version numbered 5465 is in the Sikh Reference Library, Amritsar. Regarding the Guru's birth, it has been referred as such:

***In the Iron Age (Kalyuga) was born Baba Nanak, the devotee of the Lord. In Samvat 1526 was born Baba Nanak, the devotee of the Lord. In Vaisakh was born with three quarter night left.***

**'Sach-khand Pothi'** known to be written by *Meharban,* the grandson of Guru Ramdas Jee, was published by Khalsa College Amritsar with due permission of Govt. of India. Also known as 'Meharban Wali Janam Sakhi', its hand-written manuscript is also lying in the library of Khalsa College, and there in it is written about the birth of Guru Nanak as such:

***Then Guru Baba Nanak at Kalu's home from Tripta's womb and of Bedi lineage with caste Khatri on the land of Punjab at Chahlan Wale was born. It was Samvat 1526 of Vaisakh with third moon-lit night at ambrosial hours of the night with a quarter left.***

The *Janam Sakhi* admitted to be written by Bhai Mani Singh and whose hand-written manuscript has been endorsed by Dr Kirpal Singh in his book *Janam Sakhi Parampra* was published by Punjabi University, Patiala in 1969 is found to have reference written with respect to the Guru's birth as such:

***Samwat 1526, auspicious day in the month of Vaisakh and 3rd moon-lit night left with a quarter. Auspicious month, auspicious star, auspicious day of the week, auspicious lunar day, auspicious moment, and in the auspicious hour Guru Nanak took birth in the house of Mata Tripta and Mehta Kalu, and took birth.***

In the Preface of Bhai Baley Wali *Janam Sakhi*, with its hand-written copy lying available in the house of Rao Uttam Singh in Sangrur, is written on page 5 as such with regard to the Guru's birthday:

***On the third moon-lit night, Guru Baba Nanak took birth. A quarter of night was yet left at ambrosial hours. In Samvat 1526, on the third day of Vaisakh, he was born during ambrosial hours when a quarter of moon-lit night was left.***

In the Verowal Wali *Janam Sakhi* and as referred by S. Karm Singh Historian in his book *'Katak ke Vaisakh?"*, it is written as such:

***Talwandi Rai Bhoi Bhatti Ki. Baba Nanak was born. In the house of Kalu Khatri with caste Bedi, he took birth in Samwat 1526 and he took the name Baba Nanak in Kalyug. He set forth his own sect – Panth. In the month of Vaisakh on the 3rd lunar night, he was born with a quarter of night yet left.***

Sarup Dass Bhalla, from the lineage of Guru Amardas Jee, with the hand-written manuscript by him of Mehma Prakash (rhymed) lying secure in the Library of Department of Languages, Patiala and

accepted to be written in 1776 has written about the birth of Guru as such:

**ਹਰਿ ਭਇਓ ਅਵਤਾਰ ਨਿਰੰਜਨੀ ਸੰਤ ਰੂਪ ਤਨ ਤਾਰ।**

**ਕਾਰਨ ਤਾਰਨ ਜਗਤ ਕੋ ਕਰ ਹੈ ਭਗਤਿ ਪਰਚਾਰ।**

**ਧੰਨ ਦੇਸ ਧੰਦ ਨਗਰ ਸੇ ਧੰਨ ਬਰਨ ਕੁਲ ਸੋਇ।**

**ਧੰਨ ਸਮਾਂ ਦੰਨ ਮਾਤ ਪਿਤਾ ਸੰਤ ਜਨਮ ਗ੍ਰਹਿ ਹੋਇ।**

**ਸੰਮਤ ਬਿਕ੍ਰਮ ਨਿਰਪ ਕੋ ਪੰਦਰਹ ਸਹਸ ਪਚੀਸ।**

**ਵੈਸਾਖ ਸੁਦੀ ਥਿਤ ਤੀਜ ਕੋ ਧਰਉ ਸੰਤ ਬਪ ਈਸ।3।**

Mehma Prakash (in prose), as referred by Prof. Piara Singh Padam in his book *Gur Nanak*

*Sagar* and that he got published in 1994, its hand-written manuscript is lying safe at Dr Balbir Singh Sahit Kendar, Dehradun. In it is written about Guru Nanak's birthday as such:

***The Lord Incarnate … in order to emancipate the world… universally accomplished all around***

… ***holder of meditation, disenchantment, yoga and intellect in unison; perfect in eulogy all over; on 3rd of Vaisakh, moon-lit night with a quarter left in ambrosial hours was born at Talwandi Rae Bhoe Bhatti Ke in the house of Kalu Bedi.***

Baba Sukhbasi Jee, out of the tenth generation of Guru Nanak, wrote '***Nanak Bans Parkash Granth'***. It was edited by S. Gurmukh

Singh Jee and published in 1986 by Punjabi University, Patiala. In this version also is written Vaisakh 3 as the birth day of Guru Nanak. Its hand-written manuscript has been kept safe with Central Public Library, Patiala at no. 2919. On page 43 of the book, reference about the birthday of Guru Nanak is written as such:

**ਸ੍ਰੀ ਸਤਿਗੁਰ ਅਵਿਤਾਰ ਕੋ ਸਮਾ ਪਹੁਚਿਓ ਆਇ।ਬੇਦੀ ਸਭ ਉਜਲ ਰਹੇ ਈਸ ਭਗਤ ਅਧਿਕਾਇ।54। ਸੰਬਤ ਬਿਕ੍ਰਮ ਪੰਦ੍ਰਹਿ ਸਤ ਖਟ ਬੀਸ। ਅਖਯ ਤੀਜਿ ਤਿਥ ਮਾਸ ਬਰਿ ਮਾਧਵ ਪ੍ਰਗਟੇ ਈਸ।55। ਰਿਤੁ ਬਸੰਤਿ ਸੋਭਾ ਘਨੀ ਪੁਹਪ ਭਮ੍ਰ ਗੁੰਜਾਰ। ਏਕ ਜਾਮ ਰਜਨੀ ਰਹਿਤ ਆਵਰਿ ਭਾਵ ਮੁਰਾਰ।56। ਸੁਕਲ ਪਖ ਉਤਪਤਿ ਭਏ ਆਤਮ ਰਾਮ ਅਨੰਤ। ਦਰਸਨ ਦੀਨੋ ਮਾਤ ਕੋ ਜਪਹਿ ਸਕਲ ਜਿਹ ਸੰਤ।57।**

*It means to say that on Sudi 3 day of the month of Vaisakh in Samvat 1526 and the season was quite pleasant and the black bees were just humming about while one quarter of the night was left as yet, Guru Nanak was born.*

In the *Gur Ratnavali* written by Bhai Gulab Singh and accepted to be written during the creative period of 1581, there also is written about the date of birth of the Guru as such:

**ਅਰ ਮਿਹਰਬਾਨ ਕ੍ਰਿਤ ਜਨਮ ਸਾਖੀ ਹੂੰ ਲਿਖਯੋ,**

**ਭਾਈ ਜੀ ਕੀ ਪਹਿਲੀ ਵਾਰ ਮਾਹਿ ਐਸੇ ਜਾਨੀਐ॥**

**ਸੂਰਤ ਹੂੰ ਸਿੰਘ ਕ੍ਰਿਤ ਟੀਕੇ ਮਾਹਿ ਜੈਸੇ ਲਿਖਯੋ,**

**ਭਾਖਿਯੋ ਬਿਸਾਖ ਮਾਸ ਸੁਦੀ ਤੀਸ ਜਾਨੀਐ॥**

McAuliffe, the renowned scholar of Sikhism among the present litterateurs, too considers the correct date of the Guru's birth to be *Vaisakh sudi* 3. Foreign scholars Dr. Trump and Dr McLeod are also in favor of *Vaisakh sudi 3*.

All the great scholars – eminent lexicographer Bhai Kahn Singh Nabha; the renowned historian Dr Ganda Singh; great historian and Gurbani annotator Prof. Sahib Singh; well-known scholar S. Karm Singh Historian; Bhai Sahib Bhai Vir Singh; Prof. Kartar Singh; great scholar Dr Rattan Singh Jaggi and the Encyclopedia editor Dr

Harbans Singh – accept unanimously the 3rd of *Vaisakh* as the correct date of Baba's birth.

As referred earlier, the date of *3rd Vaisakh* only has been written in the *Janam Sakhi* Bhai Baley Wali, But the rivals of Guru's house - Handalias and Niranjanias – put forth their plea to declare Guru Jee as ill-omened and, in order to create confusion in history, tried to prove the day of *Puranmashi of Katak* – full moon day – as the birth day of Guru Nanak. Even Bhai Santokh Singh in Suraj Prakash has mentioned *Puranmashi* in the month of *Katak* to be the day of Baba's birth. God knows under what thought the date could be construed as such. But his conviction becomes wrong as per the writing given about the final departure of Guru Jee. He has written lines as such:

**ਸੰਮਤ ਸਤਰ ਪਛਾਣ ਪੰਚ ਮਾਸ ਬੀਤੇ ਬਹੁਰ।**

**ਸਪਤ ਦਿਨਨ ਪਮਾਣ ਪਾਤਸ਼ਾਹੀ ਸ੍ਰੀ ਪ੍ਰਭ ਕਰੀ।**

It means that Guru Nanak Dev Jee lived to undertake his royal journey on this earth for 70 years, 5 months and 7 days only. All the *Janam Sakhis* and many of the numerous sources and renowned scholars also agree with this tenure of Guru Jee's age. As such, if we subtract Guru Ji's age from the date of his passing away, it bids to confirm his birth having taken place in Vaisakh and NOT in Katak. In this way, the dates given by Bhai Baley Wali Janam Sakhi and by Bhai Santokh Singh are absolutely NOT correct. (For more details, see page 123 of the book 'Katak key Vaisakh' by S. Karm Singh Historian and page 19 of the book 'Janam Sakhi Bhai Bala' by S. Surinder Singh Kohli)

In light of these historic references and the opinions of learned scholars, it becomes clearly evident that the birth of Guru Nanak Dev Jee took place on ***Vaisakh sudi 3*****, Samvat 1526 i.e. 15 April, 1469.**

Despite all this, we, even now, call ourselves to be true Sikhs of the Guru and we still carry on doing and get done many things without ever devoting a little thought ever to probe for the correctly factual date. Till the day, we have been treading, by shutting our doors of intellect and thought, through duality and, as such, our problems continue increasing day by day, endlessly. Duality proves always harmful for any nation or for an individual even and this, in reality, was the real

lesson that Guru Nanak taught us to avoid always. Guru Nanak tried to pull us out of the mesh of doubts that were woven around human beings at that time. From birth till death, an illusory effect of various religions had always kept shrouded every activity of human beings. Brahmins as well as official machinery of that time had jointly created a mafia that was out to suck the blood of common people; a trait much akin to what is happening now in Punjab. For example, even now, we are prone to making a statement that when a state and the church join hands together, no one can check the loot and plundering of the people. In Europe even, such a sort of situation had taken place. It is then that some or the other divine personality like Guru Nanak has to come down to the earth for redemption of mankind.

Coming to the point, one can say that no opportunity was lost in exempting anyone from any pillage or plunder by this Brahmanic Mafia. This clique of the ransacks had raised such concrete walls of caste system all around that even a thought of those impediments brings shudder to human heart. Human beings were deprived of the privilege of being humans.

With radiant advent of Guru Nanak, the human society realized an aura of a fresh morning of the day. They visualized a new ray of hope of its recognition. A new revolution among humans made a stirring pulsation within. The Herculean path of this realization came into action and that made way from Nankana up to the soil of Kesgarh Sahib. A mode of moderation and self-restraint was brought into practice and, treading on the path, they became

master of their destiny. No need of any moderator was needed to help realize the Lord. An absolutely new and healthy way of living was conferred unto humanity and, therein, every male and female became rightfully equal masters of their rights.

With such an enlightening environment, the human society once again experienced a glow of fresh beginning of the day. They visualized a new ray of hope and a sense of revolutionary spirit heaved among them. A trend of *Nirmal Panth* began and that started from Nankana and reached the limits of Kesgarh. People found a path of self-restraint and, walking on this path, found themselves master of their destinies. They were not left with a need for some middle man to approach the Almighty. Thus the humanity got blessed with quite a novel form of

life-style. All men and women were considered equal in such strata of humanity.

While celebrating this Gurpurab, we need to open the doors of our conscience and ponder over our life style in light of the Guru-guided sermons. Quite cautiously, we need to contemplate as to how many castles of illusive fallacies are we building up once again all around us out of which Guru Nanak had exerted to pull us out? Guru Nanak Dev Jee in Japuji Sahib had given a call to create a truthful human being after breaking the fallacious wall of misconceptions. Let us try to listen to the message heralded by that pre-ordained Gurbani and thus remain ever in blissful state to pray for ‘welfare of all’.

Praying for remittance of any sort of errors or omissions as the Guru Khalsa Panth is ever a benevolent forgiver!

Waheguru ji ka Khalsa, Waheguru ji ki Fateh!

Waheguru ji ka Khalsa, Waheguru ji ki Fateh!